# ਪਾਤਰ ਜਾਂ ਯੋਗ ਇਵੈਂਟ ਕੀ ਹੁੰਦਾ ਹੈ?

ਇੱਕ ਯੋਗ ਇਵੈਂਟ ਕੋਈ ਵੀ ਫੌਂਜੀ ਘਟਨਾ ਹੈ ਜਾਂ ਪਰਿਵਾਰ ਦੇ ਮੈਂਬਰ ਦੀ ਤੈਨਾਤੀ ਦੇ ਨਤੀਜੇ ਵਜੋਂ ਪੈਦਾ ਹੋਈ ਇੱਕ ਜ਼ਰੂਰੀ ਲੋੜ ਹੈ। PFL ਲਈ, ਫੌਂਜੀ ਘਟਨਾ ਕੈਲੀਫੋਰਨੀਆ ਵਿੱਚ ਨਹੀਂ ਹੋਣੀ ਜ਼ਰੂਰੀ ਨਹੀਂ ਹੈ।

ਪਾਤਰ ਜਾਂ ਯੋਗ ਘਟਨਾ ਦੇ ਉਦਾਹਰਨ:

- ਤੈਨਾਤੀ ਦੌਂਰਾਨ ਬੱਚਿਆਂ ਦੀ ਦੇਖਭਾਲ ਜਾਂ ਮਾਪਿਆਂ ਦੀ ਦੇਖਭਾਲ ਦਾ ਪ੍ਰਬੰਧ ਕਰਨਾ।
- ਤੈਨਾਤੀ ਦੌਂਰਾਨ ਕਾਨੂੰਨੀ ਜਾਂ ਵਿੱਤੀ ਪ੍ਰਬੰਧ ਕਰਨ ਵਿੱਚ ਸਹਾਇਤਾ ਕਰਨਾ।
- ਕਾਉਂਸਲਿੰਗ ਵਿੱਚ ਸ਼ਾਮਲ ਹੋਣਾ।
- ਆਰਾਮ ਅਤੇ ਰਿਕਵਰੀ ਦੀ ਛੁੱਟੀ ਦੌਂਰਾਨ ਫੌਂਜੀ ਮੈਂਬਰ ਦੀ ਸਹਾਇਤਾ ਕਰਨਾ।
- ਫੌਂਜ ਦੁਆਰਾ ਸਪਾਂਸਰ ਕੀਤੇ ਸਮਾਗਮਾਂ ਜਾਂ ਸਮਾਰੋਹਾਂ ਵਿੱਚ ਸ਼ਾਮਲ ਹੋਣਾ।
- ਸੰਘੀ, ਰਾਜ ਜਾਂ ਸਥਾਨਕ ਸਮਾਗਮਾਂ ਵਿੱਚ ਫੌਂਜੀ ਮੈਂਬਰ ਦੀ ਨੁਮਾਇੰਦਗੀ ਕਰਨਾ।
- ਫੌਂਜੀ ਮੈਂਬਰ ਦੀ ਮੌਤ ਹੋਣ ਦੇ ਕਾਰਨ ਪੈਦਾ ਹੋਏ ਮੁੱਦਿਆਂ ਨਾਲ ਨਿਪਟਣਾ।
- ਹੋਰ ਗਤੀਵਿਧੀਆਂ ਜਿਨ੍ਹਾਂ 'ਤੇ ਰੁਜ਼ਗਾਰਦਾਤਾ ਅਤੇ ਕਰਮਚਾਰੀ ਇੱਕ ਯੋਗ ਘਟਨਾ ਦੇ ਤੌਰ 'ਤੇ ਸਹਿਮਤ ਹੁੰਦੇ ਹਨ, ਨਾਲ ਹੀ ਛੁੱਟੀ ਦਾ ਸਮਾਂ ਅਤੇ ਮਿਆਦ।

# ਕਿਸ ਚੀਜ਼ ਨੂੰ ਫੌਜ਼ੀ ਤੈਨਾਤੀ ਮੰਨਿਆ ਜਾਂਦਾ ਹੈ?

ਫੌਜ਼ੀ ਤੈਨਾਤੀ ਨੂੰ ਕਵਰਡ ਐਕਟਿਵ ਡਿਊਟੀ, ਆਉਣ ਵਾਲੀ ਕਵਰਡ ਐਕਟਿਵ ਡਿਊਟੀ ਦੀ ਕਾੱਲ ਜਾਂ ਨੋਟਿਸ, ਜਾਂ ਕਵਰਡ ਐਕਟਿਵ ਡਿਊਟੀ ਤੋਂ ਆਰਾਮ ਅਤੇ ਰਿਕਵਰੀ ਛੁੱਟੀ ਵਜੋਂ ਪਰਿਭਾਸ਼ਿਤ ਕੀਤਾ ਜਾਂਦਾ ਹੈ।

ਆਰਾਮ ਅਤੇ ਰਿਕਵਰੀ ਛੁੱਟੀ ਕਿਤੇ ਵੀ ਕੀਤੀ ਜਾ ਸਕਦੀ ਹੈ। ਫਾਇਦੀਆਂ ਲਈ ਯੋਗ ਹੋਣ ਲਈ ਬਸ ਆਪਣੇ ਫੌਂਜੀ ਪਰਿਵਾਰਕ ਮੈਂਬਰ ਲਈ ਆਰਾਮ ਅਤੇ ਰਿਕਵਰੀ ਛੁੱਟੀ ਦਿਖਾਉਂਦੇ ਹੋਏ ਆਰਡਰ ਪ੍ਰਦਾਨ ਕਰੋ।

CALIFORNIA
PAID FAMILY LEAVE
**moments matter.**

ਅੰਗਰੇਜ਼ੀ............................................... 1-877-238-4373

ਸਪੈਨਿ................................................. 1-877-379-3819

ਕੈਂਟੋਨੀਜ਼ ............................................. 1-866-692-5595

ਵੀਅਤਨਾਮੀ ........................................... 1-866-692-5596

ਅਰਮੇਨਿਆਈ ......................................... 1-866-627-1567

ਪੰਜਾਬੀ.................................................. 1-866-627-1568

ਟੈਗਾਲੋਗ............................................... 1-866-627-1569

**TTY**.................................................. 1-800-445-1312

ਤੁਸੀਂ ਦਾਅਵਾ ਫਾਰਮ ਪ੍ਰਾਪਤ ਕਰਨ, ਜਾਣਕਾਰੀ ਪ੍ਰਾਪਤ ਕਰਨ, ਜਾਂ ਕਿਸੇ ਨੁਮਾਇੰਦੇ ਨਾਲ ਗੱਲ ਕਰਨ ਲਈ PFL ਜਾਂ ਅਪਾਹਜਤਾ ਬੀਮਾ ਦੇ ਦਫ਼ਤਰ ਵੀ ਜਾ ਸਕਦੇ ਹੋ। ਆਪਣੇ ਨੇੜੇ ਦਾ State Disability Insurance Office (edd.ca.gov/Disability/Contact_SDI.htm) ਲੱਭੋ।

EDD ਇੱਕ ਬਰਾਬਰ ਮੌਕੇ ਦੇਣ ਵਾਲਾ ਰੁਜ਼ਗਾਰਦਾਤਾ/ਪ੍ਰੋਗਰਾਮ ਹੈ। ਅਪਾਹਜ ਵਿਅਕਤੀਆਂ ਦੀ ਬੇਨਤੀ 'ਤੇ ਸਹਾਇਕ ਸਹਾਇਤਾ ਅਤੇ ਸੇਵਾਵਾਂ ਉਪਲਬਧ ਹਨ। ਸੇਵਾਵਾਂ, ਏਡਜ਼, ਅਤੇ/ਜਾਂ ਵਿਕਲਪਿਕ ਫਾਰਮੈਟਾਂ ਲਈ ਬੇਨਤੀਆਂ 1-866-490-8879 (ਆਵਾਜ਼) 'ਤੇ ਕਾੱਲ ਕਰਕੇ ਕੀਤੀਆਂ ਜਾਣੀਆਂ ਚਾਹੀਦੀਆਂ ਹਨ। TTY ਉਪਭੋਗਤਾ, ਕਿਰਪਾ ਕਰਕੇ ਕੈਲੀਫੋਰਨੀਆ ਰੀਲੇਅ ਸੇਵਾ ਨੂੰ 711 'ਤੇ ਕਾੱਲ ਕਰੋ।





# ਕੈਲੀਫੋਰਨੀਆ ਦੇ ਪਰਿਵਾਰ ਲਈ ਭੁਗਤਾਨ ਕੀਤੀ ਛੁੱਟੀ ਫੌਜੀ ਪਰਿਵਾਰਕ ਮੈਂਬਰ

ਕੈਲੀਫੋਰਨੀਆ ਪੇਡ ਫੈਮਲੀ ਲੀਵ **(PFL)** ਪ੍ਰੋਗਰਾਮ ਫੌਂਜੀ ਪਰਿਵਾਰਾਂ ਨੂੰ ਅੱਠ ਹਫ਼ਤਿਆਂ ਤੱਕ ਦੇ ਅੰਸ਼ਕ-ਤਨਖਾਹ-ਪ੍ਰਤੀਸਥਾਪਨ ਵਾਲੇ ਫਾਇਦੇ ਪ੍ਰਦਾਨ ਕਰਦਾ ਹੈ ਕਿਉਂਕਿ ਇੱਕ ਕੁਆਲੀਫਾਇੰਗ ਇਵੈਂਟ ਵਿੱਚ ਹਿੱਸਾ ਲੈਣ ਲਈ ਇੱਕ ਪਰਿਵਾਰ ਦਾ ਮੈਂਬਰ ਕਿਸੇ ਵਿਦੇਸ਼ੀ ਦੇਸ਼ ਵਿੱਚ ਤਾਇਨਾਤ ਹੈ।

Employment Development Department
State of California

# ਕੌਣ ਯੋਗ ਹੁੰਦਾ ਹੈ?

ਭੁਗਤਾਨਸ਼ੁਦਾ ਪਰਿਵਾਰਕ ਛੁੱਟੀ (PFL) ਦੇ ਫਾਇਦੇ ਭੁਗਤਾਨ ਪ੍ਰਾਪਤ ਕਰਨ ਦੇ ਯੋਗ ਬਣਨ ਲਈ, ਇਹ ਜ਼ਰੂਰੀ ਹੈ ਕਿ ਤੁਸੀਂ:

- ਪਰਿਵਾਰ ਦੇ ਕਿਸੇ ਮੈਂਬਰ ਦੀ ਕਿਸੇ ਵਿਦੇਸ਼ੀ ਦੇਸ਼ ਵਿੱਚ ਫੌਜੀ ਤੈਨਾਤੀ ਦੇ ਕਾਰਨ ਕੁਆਲੀਫਾਇੰਗ ਇਵੈਂਟ ਵਿੱਚ ਹਿੱਸਾ ਲੈਣ ਲਈ ਕੰਮ ਤੋਂ ਛੁੱਟੀ ਦੀ ਲੋੜ ਹੈ। ਪਰਿਵਾਰਕ ਮੈਂਬਰ ਇੱਕ ਜੀਵਨ ਸਾਥੀ, ਰਜਿਸਟਰਡ ਘਰੇਲੂ ਸਾਥੀ, ਮਾਤਾ ਜਾਂ ਪਿਤਾ ਜਾਂ ਬੱਚਾ ਹੁੰਦਾ ਹੈ।
- ਪਿਛਲੇ 5 ਤੋਂ 18 ਮਹੀਨਿਆਂ ਵਿੱਚ ਕੈਲੀਫੋਰਨੀਆ ਵਿੱਚ ਕੰਮ ਕੀਤਾ ਹੈ ਅਤੇ ਰਾਜ ਅਪਾਹਜਤਾ ਬੀਮਾ (SDI) (ਜ਼ਿਆਦਾਤਰ ਪੇ-ਸਟੱਬਾਂ 'ਤੇ "CASDI" ਵਜੋਂ ਨੋਟ ਕੀਤਾ ਜਾਂਦਾ ਹੈ) ਵਿੱਚ ਭੁਗਤਾਨ ਕੀਤਾ ਹੈ।
- ਪਿਛਲੇ 12 ਮਹੀਨਿਆਂ ਵਿੱਚ PFL ਦੇ ਵੱਧ ਤੋਂ ਵੱਧ 8 ਹਫ਼ਤੇ ਨਹੀਂ ਲਏ ਹਨ।

ਨਾਗਰਿਕਤਾ ਅਤੇ ਇਮੀਗ੍ਰੇਸ਼ਨ ਸਥਿਤੀ ਯੋਗਤਾ ਨੂੰ ਪ੍ਰਭਾਵਿਤ ਨਹੀਂ ਕਰਦੀ ਹੈ।





# ਮੈਂ ਅਪਲਾਈ ਕਿਵੇਂ ਕਰਾਂ?

ਤੁਸੀਂ ਔਨਲਾਈਨ ਜਾਂ ਡਾਕ ਰਾਹੀਂ ਪੇਡ ਫੈਮਿਲੀ ਲੀਵ (PFL) ਬੈਨਿਫਿਟ (DE 2501F) ਫਾਰਮ ਦੀ ਵਰਤੋਂ ਕਰਕੇ ਫਾਇਦੀਆਂ ਲਈ ਅਰਜ਼ੀ ਦੇ ਸਕਦੇ ਹੋ।

ਔਨਲਾਈਨ ਅਰਜ਼ੀ ਦੇਣ ਲਈ SDI Online (edd.ca.gov/SDI_Online) 'ਤੇ ਜਾਓ।

ਡਾਕ ਰਾਹੀਂ ਅਰਜ਼ੀ ਦੇਣ ਲਈ:

- ਕਾਗਜ਼ੀ DE 2501F ਫਾਰਮ ਮੰਗਵਾਉਣ ਲਈ, Online Forms and Publications (edd.ca.gov/forms) 'ਤੇ ਜਾਓ।
- ਕਾਗਜ਼ੀ ਦਾਅਵਾ ਫਾਰਮ ਮੰਗਵਾਉਣ ਲਈ 1-877-238-4373 'ਤੇ ਜਾਓ।
- ਇੱਥੇ ਜਾਕੇ ਕਾਗਜ਼ੀ ਦਾਅਵਾ ਫਾਰਮ ਲਓ, ਆਪਣੇ ਨੇੜੇ ਦੇ ਦਫਤਰੀ ਸਥਾਨਾਂ ਦੀ ਸੂਚੀ ਲਈ Contact State Disability Insurance (edd.ca.gov/Disability/Contact_SDI.htm)

ਤੁਹਾਡੀ ਅਰਜ਼ੀ ਦੇ ਹਿੱਸੇ ਵਜੋਂ, ਤੁਹਾਡਾ ਇਹ ਪ੍ਰਦਾਨ ਕਰਨਾ ਲਾਜ਼ਮੀ ਹੈ:

- ਹਿੱਸਾ A – ਕਾਗਜ਼ੀ PFL ਦਾਅਵਾ ਫਾਰਮ ਦੇ ਦਾਅਵੇਦਾਰ ਦਾ ਬਿਆਨ।
- ਰੁਜ਼ਗਾਰਦਾਤਾ ਦਾ ਨਾਮ।
- ਉਹ ਤਾਰੀਖ਼ ਜਦੋਂ ਤੁਸੀਂ ਚਾਹੁੰਦੇ ਹੋ ਕਿ ਤੁਹਾਡਾ ਦਾਅਵਾ ਸ਼ੁਰੂ ਹੋਵੇ। ਇਹ ਪਾਰਿਵਾਰਕ ਛੁੱਟੀ ਦਾ ਪਹਿਲਾ ਦਿਨ ਹੁੰਦਾ ਹੈ।
- ਅਦਾ ਕੀਤੀ ਜਾਂਦੀ ਤਨਖਾਹ (ਜੇ ਕੋਈ ਹੈ) ਅਤੇ ਕੰਮ ਦਾ ਅਖੀਰਲਾ ਦਿਨ।
- ਹਿੱਸਾ E - ਫੌਜੀ ਸਹਾਇਤਾ ਪ੍ਰਮਾਣੀਕਰਣ (ਕਾਗਜ਼ੀ PFL ਦਾਅਵਾ ਫਾਰਮ ਦਾ)।
- ਸਹਿਯੋਗੀ ਫੌਜੀ ਦਸਤਾਵੇਜ਼ ਜਿਵੇਂ ਕਿ ਕਵਰ ਕੀਤੀ ਐਕਟਿਵ ਡਿਊਟੀ ਦਾ ਸਬੂਤ ਜਾਂ ਕਵਰ ਕੀਤੀ ਐਕਟਿਵ ਡਿਊਟੀ ਲਈ ਕਾੱਲ ਕੀਤਾ ਜਾਣਾ ਅਤੇ ਯੋਗ ਇਵੈਂਟ ਦਾ ਸਮਰਥਨ ਕਰਨ ਵਾਲੇ ਦਸਤਾਵੇਜ਼।

# ਮੇਰੇ PFL ਫਾਇਦੇ ਕੀ ਹਨ?

ਤੁਸੀਂ PFL ਤੋਂ ਆਪਣੀ ਹਫਤਾਵਾਰੀ ਤਨਖਾਹ ਦਾ 60 ਤੋਂ 70 ਪ੍ਰਤੀਸ਼ਤ ਪ੍ਰਾਪਤ ਕਰ ਸਕਦੇ ਹੋ। ਤੁਹਾਡਾ ਰੁਜ਼ਗਾਰਦਾਤਾ ਤੁਹਾਨੂੰ 100 ਪ੍ਰਤੀਸ਼ਤ ਤੱਕ ਤਨਖਾਹ ਪ੍ਰਾਪਤ ਕਰਨ ਲਈ PFL ਫਾਇਦੀਆਂ ਤੋਂ ਇਲਾਵਾ ਛੁੱਟੀਆਂ, ਬਿਮਾਰ, ਅਦਾਇਗੀ ਸਮੇਂ ਦੀ ਛੁੱਟੀ ਜਾਂ ਹੋਰ ਛੁੱਟੀ ਦੀ ਵਰਤੋਂ ਕਰਨ ਦੀ ਇਜਾਜ਼ਤ ਦੇ ਸਕਦਾ ਹੈ। Disability Insurance and Paid Family Leave Calculator (edd.ca.gov/PFL_Calculator) ਦੀ ਵਰਤੋਂ ਕਰਦੇ ਹੋਏ ਆਪਣੀ ਹਫ਼ਤਾਵਾਰੀ ਫਾਇਦੇ ਦੀ ਰਕਮ ਦਾ ਅੰਦਾਜ਼ਾ ਲਗਾਓ।

PFL ਨੂੰ ਇੱਕੋ ਵਾਰ ਵਿੱਚ ਲਿਆ ਜਾ ਸਕਦਾ ਹੈ ਜਾਂ 12-ਮਹੀਨਿਆਂ ਦੀ ਮਿਆਦ ਵਿੱਚ ਵੰਡਿਆ ਜਾ ਸਕਦਾ ਹੈ।

Paid Family Leave for Military Family Members (edd.ca.gov/disability/paid-family-leave/Military-Family-Members.htm) 'ਤੇ ਜਾ ਕੇ ਹੋਰ ਜਾਣੋ।



